BC CANCER LUNG SCREENING

Provincial Health Services Authority

# ਫੇਫੜਿਆਂ ਦਾ ਟੈੱਸਟ

ਉਨ੍ਹਾਂ ਲੋਕਾਂ ਲਈ ਜਿਹੜੇ ਸਿਗਰਟਾਂ ਪੀਂਦੇ ਹਨ ਜਾਂ ਜਿਨ੍ਹਾਂ ਦੇ ਸਿਗਰਟਾਂ ਪੀਣ ਦੀ ਹਿਸਟਰੀ ਹੈ

***ਫੇਫੜਿਆਂ ਦੀ ਕੈਂਸਰ ਲਈ ਟੈੱਸਟ (ਲੰਗ ਸਕਰੀਨਿੰਗ) ਕਰਵਾ ਕੇ ਆਪਣੀ ਸਿਹਤ ਲਈ ਚੰਗਾ ਕਦਮ ਪੁੱਟੋ। ਟੈੱਸਟ ਸੌਖਾ, ਅਸਰਦਾਰ ਅਤੇ ਦਰਦ ਰਹਿਤ ਹੈ।***

ਫੇਫੜਿਆਂ ਦਾ ਟੈੱਸਟ ਕੈਂਸਰ ਦਾ ਅਗੇਤੇ ਪਤਾ ਲਾ ਕੇ ਕੰਮ ਕਰਦਾ ਹੈ, ਜਦੋਂ ਤੁਸੀਂ ਕੋਈ ਨਿਸ਼ਾਨੀਆਂ ਮਹਿਸੂਸ ਨਹੀਂ ਕਰ ਰਹੇ ਹੁੰਦੇ। ਕੈਂਸਰ ਦਾ ਅਗੇਤੇ ਪਤਾ ਲੱਗ ਜਾਣ 'ਤੇ ਇਲਾਜ ਦੀਆਂ ਚੋਣਾਂ ਜ਼ਿਆਦਾ ਹੁੰਦੀਆਂ ਹਨ ਅਤੇ ਕਾਮਯਾਬੀ ਨਾਲ ਇਲਾਜ ਹੋਣ ਦਾ ਬਿਹਤਰ ਮੌਕਾ ਹੁੰਦਾ ਹੈ।
ਫੇਫੜਿਆਂ ਦੇ ਟੈੱਸਟ ਵਿਚ ਘੱਟ ਡੋਜ਼ ਵਾਲੀ (ਐੱਲ ਡੀ ਸੀ ਟੀ) ਮਸ਼ੀਨ ਦੀ ਵਰਤੋਂ ਨਾਲ ਤੁਹਾਡੇ ਫੇਫੜਿਆਂ ਦਾ ਸਕੈਨ ਕਰਨਾ ਸ਼ਾਮਲ ਹੁੰਦਾ ਹੈ। ਇਹ ਸਕੈਨ ਮੁਫਤ ਹੁੰਦਾ ਹੈ ਅਤੇ ਤੁਹਾਡੇ ਇਲਾਕੇ ਵਿਚਲੇ ਕਿਸੇ ਹਸਪਤਾਲ ਵਿਚ ਕੀਤਾ ਜਾਂਦਾ ਹੈ।

## ਫੇਫੜਿਆਂ ਦਾ ਟੈੱਸਟ ਮਹੱਤਵਪੂਰਨ ਕਿਉਂ ਹੈ?

ਫੇਫੜਿਆਂ ਦੀ ਕੈਂਸਰ ਸਭ ਤੋਂ ਜ਼ਿਆਦਾ ਪਛਾਣੀਆਂ ਜਾਣ ਵਾਲੀਆਂ ਕੈਂਸਰਾਂ ਵਿੱਚੋਂ ਇਕ ਹੈ, ਅਤੇ ਇਹ ਬ੍ਰਿਟਿਸ਼ ਕੋਲੰਬੀਆ ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਵੱਡਾ ਕਾਰਨ ਹੈ। ਸਿਗਰਟਾਂ ਫੇਫੜਿਆਂ ਦੀ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਬਣੀਆਂ ਹੋਈਆਂ ਹਨ, ਜਿਸ ਨਾਲ ਮਰਦਾਂ ਵਿਚ ਫੇਫੜਿਆਂ ਦੀ ਕੈਂਸਰ ਨਾਲ 70% ਤੋਂ ਵਧ ਮੌਤਾਂ ਹੁੰਦੀਆਂ ਹਨ, ਅਤੇ ਔਰਤਾਂ ਵਿਚ ਫੇਫੜਿਆਂ ਦੀ ਕੈਂਸਰ ਨਾਲ 55% ਮੌਤਾਂ ਹੁੰਦੀਆਂ ਹਨ।

ਆਮ ਤੌਰ 'ਤੇ, ਫੇਫੜਿਆਂ ਦੀ ਕੈਂਸਰ ਦੀਆਂ ਨਿਸ਼ਾਨੀਆਂ ਉਦੋਂ ਤੱਕ ਦਿਖਾਈ ਨਹੀਂ ਦਿੰਦੀਆਂ ਜਦ ਤੱਕ ਬੀਮਾਰੀ ਕਾਫੀ ਵਧ ਨਹੀਂ ਜਾਂਦੀ ਅਤੇ ਫੈਲ ਨਹੀਂ ਜਾਂਦੀ। ਟੈੱਸਟ ਨਾਲ ਅਗੇਤੀ ਪਛਾਣ ਕੈਂਸਰ ਦਾ ਅਗੇਤੇ ਪੜਾਵਾਂ 'ਤੇ ਪਤਾ ਲਾਉਣ ਵਿਚ ਮਦਦ ਕਰ ਸਕਦੀ ਹੈ, ਜਦੋਂ ਇਲਾਜ ਜ਼ਿਆਦਾ ਕਾਮਯਾਬ ਹੁੰਦਾ ਹੈ।

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ?

- ਫੇਫੜਿਆਂ ਦੀ ਕੈਂਸਰ ਦਾ ਆਪਣਾ ਖਤਰਾ ਘਟਾਉਣ ਦਾ ਸਭ ਤੋਂ ਬਿਹਤਰ ਤਰੀਕਾ ਸਿਗਰਟਾਂ ਨਾ ਪੀਣਾ ਹੈ ਅਤੇ ਟੈੱਸਟ ਕਰਵਾਉਣਾ ਹੈ।
- ਫੇਫੜਿਆਂ ਦੀ ਕੈਂਸਰ ਬੀ.ਸੀ. ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਇਕ ਮੁੱਖ ਕਾਰਨ ਹੈ।
- ਸਿਗਰਟਾਂ ਫੇਫੜਿਆਂ ਦੀ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਬਣੀਆਂ ਹੋਈਆ ਹਨ, ਜਿਸ ਨਾਲ ਮਰਦਾਂ ਵਿਚ ਫੇਫੜਿਆਂ ਦੀ ਕੈਂਸਰ ਨਾਲ 70% ਤੋਂ ਵਧ ਮੌਤਾਂ ਹੁੰਦੀਆਂ ਹਨ, ਅਤੇ ਔਰਤਾਂ ਵਿਚ ਫੇਫੜਿਆਂ ਦੀ ਕੈਂਸਰ ਨਾਲ 55% ਮੌਤਾਂ ਹੁੰਦੀਆਂ ਹਨ।

## ਫੇਫੜਿਆਂ ਦੇ ਟੈੱਸਟ ਲਈ ਕੀ ਉਮੀਦ ਰੱਖਣੀ ਹੈ?

ਫੇਫੜਿਆਂ ਦੇ ਟੈੱਸਟ ਵਿਚ ਫੇਫੜਿਆਂ ਦਾ ਹਲਕੀ ਡੋਜ਼ ਦਾ ਸੀ ਟੀ ਸਕੈਨ ਸ਼ਾਮਲ ਹੁੰਦਾ ਹੈ। ਸਕੈਨ ਦੌਰਾਨ, ਤੁਸੀਂ ਇਕ ਟੇਬਲ'ਤੇ ਲੰਮੇ ਪਉਗੇ ਅਤੇ ਡੌਨਟ ਦੀ ਸ਼ਕਲ ਦਾ ਇਕ ਸਕੈਨਰ ਜਿਹੜਾ ਰੇਡੀਏਸ਼ਨ ਦੀ ਇਕ ਛੋਟੀ ਮਾਤਰਾ ਦੀ ਵਰਤੋਂ ਕਰਦਾ ਹੈ, ਤੁਹਾਡੇ ਫੇਫੜਿਆਂ ਦੀਆਂ ਵਿਸਥਾਰ ਵਿਚ ਫੋਟੋਆਂ ਲਵੇਗਾ। ਸਕੈਨ ਕਰਨ ਨੂੰ 10 ਨਾਲੋਂ ਘੱਟ ਸੈਕੰਡ ਲੱਗਦੇ ਹਨ, ਅਤੇ ਇਹ ਦਰਦ ਕਰਨ ਵਾਲਾ ਨਹੀਂ ਹੈ। ਤੁਸੀਂ ਆਪਣੀਆਂ ਬਾਂਹਾਂ ਆਪਣੇ ਸਿਰ ਦੇ ਉੱਪਰ ਰੱਖੋਗੇ ਅਤੇ ਸਕੈਨ ਦੇ ਹੋਣ ਦੌਰਾਨ ਕੁਝ ਸੈਕੰਡਾਂ ਲਈ ਆਪਣਾ ਸਾਹ ਰੋਕੋਗੇ। ਇਸ ਟੈੱਸਟ ਲਈ ਤੁਹਾਨੂੰ ਕੋਈ ਦਵਾਈ ਲੈਣ ਜਾਂ ਕੋਈ ਸੂਈਆਂ ਲਵਾਉਣ ਦੀ ਲੋੜ ਨਹੀਂ ਹੈ।

ਸਕੈਨ ਫੇਫੜਿਆਂ ਦੀ ਕੈਂਸਰ ਅਤੇ ਫੇਫੜਿਆਂ ਦੀਆਂ ਹੋਰ ਬੀਮਾਰੀਆਂ ਦੀਆਂ ਨਿਸ਼ਾਨੀਆਂ ਦੇਖਦਾ ਹੈ। ਅਗੇਤੀ ਪਛਾਣ ਫੇਫੜਿਆਂ ਦੀ ਕੈਂਸਰ ਦੀ ਪਛਾਣ ਵਾਲੇ ਮਰੀਜ਼ਾਂ ਦੇ ਬਚਣ ਦਾ ਮੌਕਾ 20% ਤੱਕ ਵਧਾਉਂਦੀ ਦਿਖਾਈ ਦਿੱਤੀ ਹੈ।

## ਮੇਰੇ ਫੇਫੜਿਆਂ ਦੇ ਟੈੱਸਟ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡੇ ਫੇਫੜਿਆਂ ਦੇ ਟੈੱਸਟ ਤੋਂ ਬਾਅਦ, ਰੇਡਿਓਲੋਜਿਸਟ ਤੁਹਾਡੇ ਸਕੈਨ ਉੱਪਰ ਚਟਾਕ (ਸਪੌਟਸ) ਦੇਖਦਾ ਹੈ, ਜਿਨ੍ਹਾਂ ਨੂੰ ਨੌਜ਼ਲਜ਼ ਵੀ ਆਖਿਆ ਜਾਂਦਾ ਹੈ। ਇਹ ਚਟਾਕ ਟਿਸ਼ੂ ਦੀਆਂ ਛੋਟੀਆਂ ਗਿਲਟੀਆਂ ਵੱਲ ਇਸ਼ਾਰਾ ਕਰਦੇ ਹਨ ਜਿਹੜੇ ਬਹੁਤ ਸਾਰੇ ਲੋਕਾਂ ਦੇ ਹੁੰਦੀਆਂ ਹਨ। ਤੁਹਾਡੇ ਫੇਫੜੇ ਦਾ ਸਕੈਨ ਇਕੱਲਾ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਕੀ ਇਹ ਚਟਾਕ, ਨਿਸ਼ਾਨ (ਸਕਾਰਜ਼) ਹਨ, ਸੋਜਸ਼ ਵਾਲੀਆਂ ਥਾਂਵਾਂ ਹਨ, ਜਾਂ ਕੈਂਸਰ ਹਨ। ਤੁਹਾਡੇ ਅਗਲੇ ਕਦਮਾਂ ਦਾ ਫੈਸਲਾ, ਮਿਲੇ ਕੋਈ ਹੋਰ ਚਟਾਕਾਂ ਦੇ ਆਕਾਰ ਅਤੇ ਦਿੱਖ ਮੁਤਾਬਕ ਕੀਤਾ ਜਾਂਦਾ ਹੈ। ਤੁਹਾਡੇ ਨਤੀਜਿਆਂ ਮੁਤਾਬਕ, ਤੁਹਾਨੂੰ 1 ਤੋਂ 2 ਸਾਲਾਂ ਵਿਚ ਦੁਬਾਰਾ ਟੈੱਸਟ ਕਰਵਾਉਣ ਲਈ, ਜਾਂ ਹਰ ਟੈੱਸਟ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਜਿਸ ਵਿਚ ਜ਼ਿਆਦਾ ਸਕੈਨ ਜਾਂ ਫੇਫੜੇ ਦੀ ਬਾਇਓਪਸੀ ਸ਼ਾਮਲ ਹਨ।

## ਸਿਗਰਟਾਂ ਛੱਡਣਾ

ਸਿਗਰਟਾਂ ਛੱਡਣਾ ਔਖਾ ਹੋ ਸਕਦਾ ਹੈ। ਪਰ, ਸਿਗਰਟਾਂ ਛੱਡਣ ਨਾਲ ਟੈੱਸਟ ਦੇ ਫਾਇਦੇ ਦੁੱਗਣੇ ਹੋ ਜਾਂਦੇ ਹਨ, ਅਤੇ ਇਹ ਤੁਹਾਡੀ ਸਿਹਤ ਵਿਚ ਵੱਡਾ ਸੁਧਾਰ ਕਰਦਾ ਹੈ। ਸਿਗਰਟਾਂ ਛੱਡਣਾ ਤੰਬਾਕੂ ਨਾਲ ਸੰਬੰਧਿਤ ਹੋਰ ਬੀਮਾਰੀਆਂ ਤੋਂ ਵੀ ਸਿਹਤ ਵਿਚ ਸੁਧਾਰ ਕਰਦਾ ਹੈ ਜਿਵੇਂ ਕਿ ਹਾਰਟ ਅਟੈਕ, ਸਟਰੋਕ ਅਤੇ ਕਰੌਨਿਕ ਔਬਸਟਰੱਕਟਿਵ ਪੁਲਮੋਨੇਰੀ ਡਿਜ਼ੀਜ਼ (ਸੀ ਓ ਪੀ ਡੀ)। ਸਿਗਰਟਾਂ ਛੱਡਣ ਦੇ ਤੁਹਾਡੇ ਫੈਸਲੇ ਵਿਚ ਮਦਦ ਕਰਨ ਲਈ ਬਹੁਤ ਸਾਰੇ ਵਸੀਲੇ ਹਨ। ਇਨ੍ਹਾਂ ਵਸੀਲਿਆਂ ਬਾਰੇ ਅਸੀਂ ਲੰਗ ਸਕਰੀਨਿੰਗ ਪ੍ਰੋਗਰਾਮ ਨਾਲ ਤੁਹਾਡੇ ਸਲਾਹ-ਮਸ਼ਵਰੇ ਦੌਰਾਨ ਗੱਲਬਾਤ ਕਰਾਂਗੇ।

## ਫੇਫੜਿਆਂ ਦਾ ਟੈੱਸਟ ਕਿਸ ਨੂੰ ਕਰਵਾਉਣਾ ਚਾਹੀਦਾ ਹੈ?

ਫੇਫੜਿਆਂ ਦਾ ਟੈੱਸਟ ਉਨ੍ਹਾਂ ਲਈ ਸਭ ਤੋਂ ਬਿਹਤਰ ਹੈ ਜਿਨ੍ਹਾਂ ਨੂੰ ਫੇਫੜਿਆਂ ਦੀ ਕੈਂਸਰ ਹੋਣ ਦਾ ਜ਼ਿਆਦਾ ਖਤਰਾ ਹੈ ਅਤੇ ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਨਹੀਂ ਹਨ। ਇਸ ਵਿਚ ਆਮ ਤੌਰ 'ਤੇ ਉਹ ਲੋਕ ਸ਼ਾਮਲ ਹਨ ਜਿਹੜੇ:

- 55 ਤੋਂ 74 ਸਾਲ ਦੀ ਉਮਰ ਦੇ ਹਨ;
- ਸਿਗਰਟਾਂ ਪੀ ਰਹੇ ਹਨ ਜਾਂ ਜਿਨ੍ਹਾਂ ਨੇ ਬੀਤੇ ਸਮੇਂ ਵਿਚ ਸਿਗਰਟਾਂ ਪੀਤੀਆਂ ਹਨ; ਅਤੇ,
- ਜਿਨ੍ਹਾਂ ਨੇ 20 ਸਾਲ ਜਾਂ ਜ਼ਿਆਦਾ ਸਮੇਂ ਲਈ ਸਿਗਰਟਾਂ ਪੀਤੀਆਂ ਹਨ।

ਜੇ ਤੁਸੀਂ ਇਹ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਫੋਨ 'ਤੇ ਸਲਾਹ-ਮਸ਼ਵਰਾ ਕਰਨ ਅਤੇ ਖਤਰੇ ਦਾ ਅਨੁਮਾਨ ਲਾਉਣ ਲਈ ਕਿਰਪਾ ਕਰਕੇ ਲੰਗ ਸਕਰੀਨਿੰਗ ਪ੍ਰੋਗਰਾਮ ਨੂੰ 1-877-717-5864 'ਤੇ ਫੋਨ ਕਰੋ। ਜੇ ਤੁਸੀਂ ਇਸ ਵੇਲੇ ਸਿਗਰਟਾਂ ਪੀਂਦੇ ਹੋ ਤਾਂ ਅਸੀਂ ਫੋਨ 'ਤੇ ਉਨ੍ਹਾਂ ਵਸੀਲਿਆਂ ਬਾਰੇ ਵੀ ਗੱਲ ਕਰਾਂਗੇ ਜਿਹੜੇ ਸਿਗਰਟਾਂ ਛੱਡਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

## ਫੇਫੜਿਆਂ ਦੇ ਟੈੱਸਟ ਦੀ ਹਰ ਇਕ ਲਈ ਸਿਫਾਰਸ਼ ਕਿਉਂ ਨਹੀਂ ਕੀਤੀ ਜਾਂਦੀ?

ਜਿਹੜੇ ਲੋਕ ਟੈੱਸਟ ਦੀਆਂ ਉਪਰਲੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਉਨ੍ਹਾਂ ਨੂੰ ਆਮ ਤੌਰ 'ਤੇ ਫੇਫੜਿਆਂ ਦੀ ਕੈਂਸਰ ਲਈ ਜ਼ਿਆਦਾ ਖਤਰੇ ਵਾਲਾ ਨਹੀਂ ਸਮਝਿਆ ਜਾਂਦਾ। ਜੇ ਤੁਹਾਡੀ ਸਿਗਰਟਾਂ ਪੀਣ ਦੀ ਵੱਡੀ ਹਿਸਟਰੀ ਨਹੀਂ ਹੈ ਤਾਂ ਫੇਫੜਿਆਂ ਦਾ ਟੈੱਸਟ ਤੁਹਾਡੇ ਲਈ ਸਹੀ ਨਹੀਂ ਹੋ ਸਕਦਾ ਹੈ।
ਟੈੱਸਟ ਫੇਫੜਿਆਂ ਦੀ ਕੈਂਸਰ ਦੀਆਂ ਨਿਸ਼ਾਨੀਆਂ ਵਾਲੇ ਹਰ ਇਕ ਵਿਅਕਤੀ ਲਈ ਵੀ ਢੁਕਵਾਂ ਨਹੀਂ ਹੈ, ਜਿਨ੍ਹਾਂ ਨਿਸ਼ਾਨੀਆਂ ਵਿਚ ਸ਼ਾਮਲ ਹਨ:

- ਖੰਘ ਜਿਹੜੀ ਹਟ ਨਹੀਂ ਰਹੀਂ ਜਾਂ ਵਧ ਗਈ ਹੈ;
- ਖੰਘਣ ਨਾਲ ਖੂਨ ਜਾਂ ਜ਼ੰਗਾਲ ਰੰਗਾ ਖੰਘਾਰ (ਥੁੱਕ ਜਾਂ ਬਲਗਮ) ਆ ਰਿਹਾ ਹੈ;
- ਸਾਹ ਚੜ੍ਹਨਾ ਜਾਂ ਛਾਤੀ ਵਿਚ ਦਰਦ ਜੋ ਕਿ ਸਦਾ ਮਹਿਸੂਸ ਹੁੰਦੇ ਹਨ ਅਤੇ ਡੂੰਘੇ ਸਾਹ ਲੈਣ ਜਾਂ ਖੰਘਣ ਨਾਲ ਬਦਤਰ ਹੋ ਰਹੇ ਹਨ

ਜੇ ਤੁਹਾਡੇ ਵਿਚ ਇਨ੍ਹਾਂ ਵਿੱਚੋਂ ਕੋਈ ਨਿਸ਼ਾਨੀਆਂ ਹਨ ਤਾਂ ਕਿਰਪਾ ਕਰਕੇ ਫੌਰਨ ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ (ਡਾਕਟਰ) ਨਾਲ ਗੱਲ ਕਰੋ।

## ਵਿਚਾਰਨ ਵਾਲੀਆਂ ਚੀਜ਼ਾਂ:

- ਜਾਂਚ ਲਈ ਕੋਈ ਵੀ ਟੈੱਸਟ ਸੰਪੂਰਣ ਨਹੀਂ ਹੈ। ਤੁਹਾਡੇ ਫੇਫੜੇ ਦਾ ਸਕੈਨ ਇਹ ਦੱਸ ਸਕਦਾ ਹੈ ਕਿ ਤੁਹਾਨੂੰ ਫੇਫੜੇ ਦੀ ਕੈਂਸਰ ਹੈ ਜਦ ਕਿ ਕੈਂਸਰ ਮੌਜੂਦ ਨਹੀਂ ਹੁੰਦੀ ਹੈ (ਗਲਤ-ਪੌਜ਼ਟਿਵ)। ਗਲਤ-ਪੌਜ਼ਟਿਵ ਨਤੀਜੇ ਵਿਚ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਕੈਂਸਰ ਨਹੀਂ ਹੈ, ਵਾਧੂ ਪੈਰਵੀਆਂ ਕਰਨਾ ਅਤੇ ਕਦੇ ਕਦੇ ਸਰਜਰੀ ਕਰਨਾ ਸ਼ਾਮਲ ਹੁੰਦਾ ਹੈ। ਇਸ ਸਮੇਂ ਦੌਰਾਨ ਤੁਹਾਨੂੰ ਜ਼ਿਆਦਾ ਸਟਰੈੱਸ ਅਤੇ ਚਿੰਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
- ਤੁਹਾਡੇ ਫੇਫੜੇ ਦਾ ਸਕੈਨ ਕੈਂਸਰ ਦੇ ਅਜਿਹੇ ਕੇਸ ਵੀ ਲੱਭ ਸਕਦਾ ਹੈ ਜਿਹੜੇ ਬਹੁਤ ਹੌਲੀ ਹੌਲੀ ਵਧ ਰਹੇ ਹਨ ਅਤੇ ਤੁਹਾਡੀ ਜ਼ਿੰਦਗੀ ਦੌਰਾਨ ਕੋਈ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੁੰਦੀ। ਇਸ ਨੂੰ ਓਵਰਡਾਇਗਨੋਸਿਸ ਆਖਿਆ ਜਾਂਦਾ ਹੈ ਅਤੇ ਇਸ ਨਾਲ ਅਜਿਹਾ ਇਲਾਜ ਹੋ ਸਕਦਾ ਹੈ ਜਿਸ ਦਾ ਸ਼ਾਇਦ ਤੁਹਾਨੂੰ ਕੋਈ ਫਾਇਦਾ ਨਾ ਹੋਵੇ। ਪਰ ਰੋਗ ਦੀ ਪਛਾਣ ਕਰਨ ਦੇ ਸਮੇਂ ਦੌਰਾਨ, ਹੈਲਥ ਕੇਅਰ ਦੇ ਮਾਹਰਾਂ ਕੋਲ ਵਾਧੂ ਟੈੱਸਟ ਕੀਤੇ ਬਿਨਾਂ  ਇਹ ਦੱਸਣ ਦਾ ਕੋਈ ਤਰੀਕਾ ਨਹੀਂ ਹੈ ਕਿ ਕੀ ਕੈਂਸਰ ਕੋਈ ਸਮੱਸਿਆਵਾਂ ਪੈਦਾ ਕਰੇਗੀ ਜਾਂ ਨਹੀਂ।
- ਤੁਹਾਡੇ ਫੇਫੜੇ ਦਾ ਸਕੈਨ ਤੁਹਾਨੂੰ ਰੇਡੀਏਸ਼ਨ ਦੀ ਇਕ ਬਹੁਤ ਛੋਟੀ ਮਾਤਰਾ ਦੇ ਸੰਪਰਕ ਵਿਚ ਲਿਆਏਗਾ, ਪਰ, ਵਾਰ ਵਾਰ ਸੰਪਰਕ ਵਿਚ ਆਉਣ ਰਾਹੀਂ ਤੁਹਾਨੂੰ ਕੈਂਸਰ ਹੋਣ ਦੇ ਮੌਕੇ ਬਹੁਤ ਹੀ ਘੱਟ ਹਨ। ਇਕ ਐੱਲ ਡੀ ਸੀ ਟੀ ਸਕੈਨ, ਇਕ ਆਮ ਸੀ ਟੀ ਸਕੈਨ ਨਾਲੋਂ 5 ਗੁਣਾ ਘੱਟ ਰੇਡੀਏਸ਼ਨ ਦੀ ਵਰਤੋਂ ਕਰਦਾ ਹੈ ਅਤੇ ਇਹ ਛੇ ਮਹੀਨਿਆਂ ਦੇ ਸਮੇਂ ਦੌਰਾਨ ਕੁਦਰਤੀ ਪਿਛੋਕੜ (ਆਕਾਸ਼ ਅਤੇ ਧਰਤੀ ਤੋਂ ਰੇਡੀਏਸ਼ਨ) ਤੋਂ ਮਿਲਣ ਵਾਲੀ ਰੇਡੀਏਸ਼ਨ ਨਾਲ ਮਿਲਦੀ ਜੁਲਦੀ ਹੈ।

## ਸਾਡੇ ਨਾਲ ਸੰਪਰਕ ਕਰੋ


BC Cancer Lung Screening
801-686 West Broadway Vancouver, BC V5Z 1G1

ਫੋਨ: 1-877-717-5864
ਈਮੇਲ: screening@bccancer.bc.ca
ਵੈੱਬ: www.screeningbc.ca/lung



ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਰੱਖਿਆ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਨਾਜ਼ਾਇਜ਼ ਵਰਤੋਂ ਅਤੇ ਭੇਦ ਖੋਲ੍ਹਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਉਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਹ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਵਰਤੀ ਜਾਵੇਗੀ ਅਤੇ ਇਲਾਜ ਕਰਨ ਵਿਚ ਸ਼ਾਮਲ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੰਗ ਕਰਦਾ ਹੋਵੇ ਉਦੋਂ ਦਿੱਤੀ ਜਾਵੇਗੀ। ਬੀ ਸੀ ਕੈਂਸਰ ਵਲੋਂ ਜਾਣਕਾਰੀ ਇਕੱਠੀ ਕਰਨ ਨਾਲ ਸੰਬੰਧਿਤ ਕੋਈ ਵੀ ਸਵਾਲ, ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)  ਤੋਂ ਪੁੱਛੇ ਜਾ ਸਕਦੇ ਹਨ।